## ਸ਼ੇਖ ਫ਼ਰੀਦ - ਸਬਦ ੧੦੩

### ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੩

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥

ਸਾਰ: ਸਰੀਰ ਕੋਈ ਸਥਾਈ ਮਲਕੀਅਤ ਨਹੀਂ, ਸਗੋਂ ਇਕ ਨਾਜ਼ੁਕ ਬਣਤਰ ਹੈ ਜੋ ਅਨੇਕਾਂ ਦਿੱਖ ਅਤੇ ਅਦਿੱਖ ਸਹਾਰਿਆਂ ਨਾਲ ਟਿਕੀ ਹੋਈ ਹੈ, ਜਿਸਨੂੰ ਅਸੀਂ ਜੀਵਨ ਕਹਿੰਦੇ ਹਾਂ। ਜੋ ਕੁਝ ਆਪਣੇ ਆਪ ਵਿਚ ਪੂਰਾ ਦਿੱਸਦਾ ਹੈ, ਉਹ ਅਸਲ ਵਿਚ ਆਪਣੇ ਆਲੇ-ਦੁਆਲੇ ‘ਤੇ ਨਿਰਭਰ ਇਕ ਅਸਥਾਈ ਢਾਂਚਾ ਹੁੰਦਾ ਹੈ। ਹੋਂਦ ਦੀ ਅਸਥਿਰਤਾ ਦੀ ਨਿਸ਼ਾਨਦੇਹੀ ਕਰਨ ਲਈ, ਅਸੀਂ ਉਮੀਦਾਂ, ਯੋਜਨਾਵਾਂ ਅਤੇ ਮੋਹ ਦਾ ਪੱਲਾ ਫੜੀ ਰੱਖਦੇ ਹਾਂ, ਸਫ਼ਰ ਉਪਰ ਜਾਣ ਲੱਗਿਆਂ ਜ਼ਰੂਰੀ ਸਮਾਨ ਵਾਂਗ ਭਾਵੇ ਇਹ ਯਾਤਰਾ ਸਾਡੇ ਅਧੀਨ ਨਹੀਂ ਹੁੰਦੀ। ਇਸ ਨਾਲ ਇਕ ਵਿਰੋਧਾਭਾਸ ਪੈਦਾ ਹੁੰਦਾ ਹੈ: ਇਕ ਨਾਸ਼ਵੰਤ ਸਰੀਰ ਅਜਿਹੇ ਭਵਿੱਖ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ ਜੋ ਅਸਥਿਰ ਰਹਿੰਦਾ ਅਤੇ ਅਸਲ ਵਿਚ ਇਸ ਦਾ ਹਰ ਕਦਮ ਉਧਾਰਾ ਹੈ। ਬਿਬੇਕ ਦੀ ਸ਼ੁਰੂਆਤ ਉਸ ਵੇਲੇ ਹੁੰਦੀ ਹੈ ਜਦੋਂ ਜੀਵਨ ਰੂਪੀ ਇਸ ਸਫ਼ਰ ਵਿਚ ਬਿਲਕੁਲ ਹਲਕੇ ਹੋ ਤੁਰਿਆ ਜਾਵੇ, ਕਿਉਂਕਿ ਇਹ ਸਫ਼ਰ ਸਦੀਵੀ ਨਹੀਂ ਹੈ।

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਹੱਡ ਮਾਸ ਤੋਂ ਬਣੀ ਇਸ ਦੇਹ ਲਈ ਪਾਣੀ ਅਤੇ ਭੋਜਨ ਦੀ ਲੋੜ ਹੁੰਦੀ ਹੈ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਦੇਹ ਕੋਈ ਸਥਾਈ ਹਸਤੀ ਨਹੀਂ ਹੈ, ਸਗੋਂ ਇਕ ਨਾਜ਼ੁਕ ਢਾਂਚਾ ਹੈ ਜੋ ਆਪਣੇ ਨਿਰਬਾਹ ਲਈ ਬਾਹਰੀ ਸਰੋਤਾਂ 'ਤੇ ਨਿਰਭਰ ਕਰਦਾ ਹੈ।

ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥

ਇਨਸਾਨ ਜਦੋਂ ਸੰਸਾਰ ਵਿਚ ਆਉਂਦਾ ਹੈ, ਉਹ ਤੁਰੰਤ ਆਸਾਂ ਦਾ ਪੁਲੰਦਾ ਬੰਨ੍ਹ ਲੈਂਦਾ ਹੈ ਕਿ ਉਸਨੂੰ ਇਹ ਸਭ ਕੁਝ ਮਿਲੇਗਾ। ਇਹ ਭਾਵ ਦਰਸਾਉਂਦਾ ਹੈ ਕਿ ਜੀਵਨ ਰੂਪੀ ਯਾਤਰਾ ਦੌਰਾਨ ਮਨ ਕਿਵੇਂ ਉਮੀਦਾਂ ਨੂੰ ਜ਼ਰੂਰੀ ਸਾਮਾਨ ਵਾਂਗ ਫੜ ਕੇ ਰੱਖਦਾ ਹੈ।

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥

ਜਦੋਂ ਤਬਾਹੀ ਦੀ ਘੜ੍ਹੀ ਆਉਂਦੀ ਹੈ ਤਾਂ ਇਹ ਸਭ ਦਰਵਾਜ਼ੇ ਤੋੜ-ਭੰਨ ਦਿੰਦੀ ਹੈ। ਇਹ ਭਾਵ ਸਾਰੀਆਂ ਬਾਹਰੀ ਰੱਖਿਆਤਮਿਕ ਵਿਧੀਆਂ ਅਤੇ ਅੰਤਰੀਵੀ ਹਉਮੈ ਦੇ ਢਹਿ ਜਾਣ ਬਾਰੇ ਦਰਸਾਉਂਦਾ ਹੈ, ਜਦੋਂ ਮੌਤ ਦੀ ਪਰਮ ਹਕੀਕਤ ਦਰ 'ਤੇ ਦਸਤਕ ਦਿੰਦੀ ਹੈ।

ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥

ਪਿਆਰੇ ਸੰਗੀ-ਸਾਥੀਆਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਇਸ ਨੂੰ ਬੰਨ੍ਹ ਅੱਗੇ ਤੋਰਿਆ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਭ ਤੋਂ ਨਜ਼ਦੀਕੀ ਰਿਸ਼ਤਿਆਂ ਨੂੰ ਵੀ ਅੰਤ ਵਿਚ ਕੁਦਰਤ ਦੇ ਨਿਯਮਾਂ ਅੱਗੇ ਸਮਰਪਣ ਕਰਨਾ ਪੈਂਦਾ ਹੈ।

ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥

ਦੇਖੋ, ਕਿਵੇਂ ਚਾਰ ਮੋਢਿਆਂ 'ਤੇ ਚੁੱਕ ਕੇ ਮਨੁੱਖ ਨੂੰ ਰੁਖ਼ਸਤ ਕੀਤਾ ਜਾਂਦਾ ਹੈ। ਇਹ ਦ੍ਰਿਸ਼ ਪਹਿਚਾਣ ਦੀ ਨਾਜ਼ੁਕਤਾ ਅਤੇ ਮੌਤ ਦੀ ਨਿਸ਼ਚਿਤਤਾ ਨੂੰ ਪ੍ਰਗਟ ਕਰਦਾ ਹੈ; ਜੋ ਸਰੀਰ ਕਦੇ ਆਪਣੀ ਹਉਮੈਂ ਵਿਚ ਮਗਨ ਸੀ, ਉਹੀ ਅੰਤ ਦੂਜਿਆਂ ਰਾਹੀਂ ਧਰਤੀ ਦੀ ਗੋਦ ਵਿਚ ਅਰਾਮ ਕਰਨ ਲਈ ਲਿਟਾ ਦਿੱਤਾ ਜਾਂਦਾ ਹੈ।

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥

ਫਰੀਦ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਕੀਤੇ ਗਏ ਕਰਮ ਹੀ ਅੰਤਰ-ਆਤਮਾ ਦੀ ਕਚਹਿਰੀ ਵਿਚ ਮਾਇਨੇ ਰੱਖਦੇ ਹਨ। ਇਸਦਾ ਅਰਥ ਹੈ ਕਿ ਅੰਤ ਵਿਚ ਜੋ ਟਿਕਦਾ ਹੈ, ਉਹ ਸਾਡੇ ਕਰਮਾਂ ਦੀ ਵਿਰਾਸਤ ਅਤੇ ਸਾਡੀ ਨੀਅਤ ਦੀ ਸੱਚਾਈ ਹੁੰਦੀ ਹੈ। (੧੦੦)

**ਤੱਤ:** ਸ਼ੇਖ ਫ਼ਰੀਦ ਪੁਰਜ਼ੋਰ ਪਹਿਚਾਣ ਦੀ ਨਾਜ਼ੁਕਤਾ ਅਤੇ ਮੌਤ ਦੀ ਅਟੱਲ ਸੱਚਾਈ ਨੂੰ ਦਰਸਾਉਂਦੇ ਹਨ: ਜੋ ਸਰੀਰ ਕਦੇ ਹਉਮੈਂ ਵਿਚ ਮਸਤ ਸੀ, ਉਹ ਅੰਤ ਦੂਜਿਆਂ ਰਾਹੀਂ ਧਰਤੀ ਦੀ ਗੋਦ ਵਿਚ ਅਰਾਮ ਕਰਨ

ਲਈ ਲਿਟਾ ਦਿੱਤਾ ਜਾਂਦਾ ਹੈ, ਜਿਸ ਨਾਲ ਇਸਦੀ ਨਿਰਬਲਤਾ ਸਾਹਮਣੇ ਆ ਜਾਂਦੀ ਹੈ। ਭੌਤਿਕ ਹੋਂਦ ਤੋਂ ਪਰੇ, ਜੋ ਅਸਲ ਵਿਚ ਟਿਕਦਾ ਹੈ ਉਹ ਨਾ ਤਾਂ ਦੁਨਿਆਵੀ ਦਰਜਾ ਹੁੰਦਾ ਹੈ ਅਤੇ ਨਾ ਹੀ ਆਪਣੀ ਬਣਾਈ ਹੋਈ ਛਵੀ, ਉਹ ਤਾਂ ਸਾਡੇ ਕਰਮਾਂ ਦਾ ਪ੍ਰਭਾਵ ਅਤੇ ਸਾਡੀ ਨੀਅਤ ਦੀ ਸੱਚਾਈ ਹੁੰਦੀ ਹੈ। ਮੌਤ ਸਿਰਫ਼ ਜੀਵਨ ਦਾ ਅੰਤ ਨਹੀਂ ਕਰਦੀ; ਇਹ ਤਾਂ ਇਹ ਵੀ ਪ੍ਰਗਟ ਕਰਦੀ ਹੈ ਕਿ ਅਸਲ ਵਿਚ ਕੀ ਮਹੱਤਵਪੂਰਨ ਸੀ। ਸਰੀਰ ਤਾਂ ਚੁੱਪ ਹੋ ਜਾਂਦਾ ਹੈ, ਪਰ ਅਸੀਂ ਆਪਣਾ ਜੀਵਨ ਕਿਸ ਤਰ੍ਹਾਂ ਬਤੀਤ ਕੀਤਾ, ਉਸਦੀ ਗੂੰਜ ਅੱਗੇ ਵੀ ਜਾਰੀ ਰਹਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
**ਵੈੱਬਸਾਈਟ: [OnenessInDiversity.com]**

**ਈਮੇਲ: onenessindiversityfoundation@gmail.com**